ਪੰਜਾਬੀ ਯੂਨੀਵਰਸਿਟੀ,ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)

ਨੰ: 8273 ਸ.1/ਕਾਲਜ
ਮਿਤੀ: 28/06/23

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਕਾਲਜਾਂ ਦੇ ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ ਨੂੰ
(ਬੀ.ਐਡ./ਲਾਅ ਅਤੇ ਹੋਰ ਅਜਿਹੇ ਕੋਰਸਾਂ ਨੂੰ ਛੱਡ ਕੇ ਜਿੰਨ੍ਹਾਂ ਦੇ ਦਾਖਲੇ ਜੁਆਇੰਟ ਐਂਟਰੈਂਸ ਟੈਸਟ ਰਾਹੀਂ ਪੰਜਾਬ ਸਰਕਾਰ/ਸੈਂਟਰਲ ਏਜੰਸੀਆਂ ਵੱਲੋਂ ਕਰਵਾਏ ਜਾਂਦੇ ਹਨ)

ਵਿਸ਼ਾ : ਸੈਸ਼ਨ 2023-24 ਦੌਰਾਨ ਮਨੀਪੁਰ ਸਟੇਟ ਦੇ ਵਿਦਿਆਰਥੀਆਂ ਦੇ ਦਾਖਲਿਆਂ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਪੰਜਾਬ ਐਸ.ਏ.ਐਸ ਨਗਰ (ਕਾਲਜ ਐਜੂਕੇਸ਼ਨ ਸ਼ਾਖਾ) ਵੱਲੋਂ ਪ੍ਰਾਪਤ ਪੱਤਰ/ਮੀਮੋ ਨੰ: 524595 ਕਾ-4 / 379, ਐਸ.ਏ.ਐਸ ਨਗਰ 1-23-6-2023 ਦੀ ਲੋਅ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਨੀਪੁਰ ਸਟੇਟ ਵਿੱਚ ਵਿਪਰੀਤ ਹਾਲਾਤਾਂ ਕਾਰਨ ਅਤੇ 3 ਮਈ 2023 ਤੋਂ ਇੰਟਰਨੈੱਟ ਸੇਵਾਵਾਂ ਬੰਦ ਹੋਣ ਕਾਰਨ ਉੱਥੇ ਦੇ ਵਿਦਿਆਰਥੀ ਜੋ ਕਿ ਪੰਜਾਬ ਰਾਜ ਦੀਆਂ ਯੂਨੀਵਰਸਿਟੀਆਂ ਵਿੱਚ ਦਾਖਲਾ ਲੈਣ ਦੇ ਇਛੁੱਕ ਸਨ, ਆਨ-ਲਾਈਨ ਅਪਲਾਈ ਨਹੀਂ ਕਰ ਸਕੇ। ਇਸ ਲਈ ਮਨੀਪੁਰ ਰਾਜ ਦੇ ਵਿਦਿਆਰਥੀਆਂ ਨੂੰ ਦਾਖਲੇ ਦੀ ਆਖਰੀ ਮਿਤੀ ਵਿੱਚ ਢਿੱਲ ਦਿੰਦੇ ਹੋਏ ਉਨ੍ਹਾਂ ਦੇ ਆਨ-ਲਾਈਨ/ ਪੋਸਟ ਰਾਹੀਂ ਭੇਜੇ ਦਾਖਲਾ ਫਾਰਮ ਸਵੀਕਾਰ ਕੀਤੇ ਜਾਣ ਜੀ।

ਗੁਰਪ੍ਰੀਤ ਸਿੰਘ 28/6/23
ਡੀਨ, ਕਾਲਜ ਵਿਕਾਸ ਕੌਂਸਲ